# ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਨਗਰ ਨਿਗਮ ਵੱਲੋਂ ਦੂਸਰਾ ਪਾਰਕਿੰਗ ਪਲੇਸ ਬਨਾਉਣ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ...ਤਿਕਸ਼ਨ ਸੂਦ

ਹੁਸ਼ਿਆਰਪੁਰ 08 ਸਤੰਬਰ ਨਗਰ ਨਿਗਮ ਵੱਲੋਂ ਸ਼ਹਿਰ ਵਿਚ ਵੱਧ ਰਹੀ ਟ੍ਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਲਈ 2 ਪਾਰਕਿੰਗ ਪਲੇਸਜ਼ ਬਣਾਏ ਜਾ ਰਹੇ ਹਨ। ਜਿਹਨਾ ਵਿਚੋਂ ਇੱਕ ਪਾਰਕਿੰਗ ਪਲੇਸ ਫਾਇਰ ਬ੍ਰਿਗੇਡ ਦਫ਼ਤਰ ਵਿਖੇ ਬਣਾਇਆ ਗਿਆ ਹੈ ਅਤੇ ਦੂਸਰਾ ਪਾਰਕਿੰਗ ਪਲੇਸ ਘੰਟਾ ਘਰ ਦੇ ਨਜਦੀਕ ਪਬਲਿਕ ਲਾਇਬ੍ਰੇਰੀ ਦੇ ਪਿੱਛਲੇ ਪਾਸੇ ਵੀ ਬਣਾਇਆ ਜਾਵੇਗਾ। ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਰਾਜਨਿਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਪਬਲਿਕ ਲਾਇਬ੍ਰੇਰੀ ਦੇ ਪਿਛਲੇ ਪਾਸੇ ਬਣਨ ਵਾਲੇ ਪਾਰਕਿੰਗ ਪਲੇਸ ਦਾ ਮੁਆਇਨਾ ਕਰਨ ਮੌਕੇ ਦਿੰਦਿਆਂ ਦੱਸਿਆ ਕਿ ਇਸ ਥਾਂ ਤੇ ਪਹਿਲਾਂ ਨਗਰ ਨਿਗਮ ਦੀ ਇਮਾਰਤ ਕਾਫੀ ਪੁਰਾਣੀ ਹਾਲਤ ਵਿੱਚ ਸੀ ਜਿਸ ਦਾ ਮਲਬਾ ਹਟਾਇਆ ਜਾ ਰਿਹਾ ਹੈ ਅਤੇ ਇਸ ਥਾਂ ਤੇ ਜਲਦੀ ਹੀ ਨਗਰ ਨਿਗਮ ਦੇ ਦੂਸਰੇ ਪਾਰਕਿੰਗ ਪਲੇਸ ਨੂੰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਜਿਸ ਤੇ ਲਗਭਗ 20 ਲੱਖ ਰੁਪਏ ਖਰਚ ਆਉਣਗੇ। ਇਸ ਦੇ ਬਣਨ ਨਾਲ ਘੰਟਾ ਘਰ ਦੇ ਆਲੇ-ਦੁਆਲੇ ਦੇ ਬਜ਼ਾਰਾਂ ਵਿਚ ਖਰੀਦਾਰੀ ਕਰਨ ਲਈ ਆਉਣ ਵਾਲੇ ਲੋਕਾਂ ਨੂੰ ਪਾਰਕਿੰਗ ਵਿੱਚ ਗੱਡੀਆਂ ਖੜੀਆਂ ਕਰਨ ਦੀ ਸੁਵਿਧਾ ਮਿਲੇਗੀ ਅਤੇ ਜਿਸ ਨਾਲ ਸ਼ਹਿਰ ਦੀ ਟ੍ਰੇਫਿਕ ਦੀ ਸਮੱਸਿਆ ਹੱਲ ਹੋਵੇਗੀ। ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਕੁਮਾਰ ਸੈਣੀ, ਸਾਬਕਾ ਕੌਂਸਲਰ ਸੰਜੀਵ ਦੁਆ, ਵਿਨੋਦ ਪਰਮਾਰ ਅਤੇ ਰਾਮਦੇਵ ਯਾਦਵ ਵੀ ਇਸ ਮੌਕੇ ਤੇ ਹਾਜ਼ਰ ਸਨ।